# Joint Press Release of the 6th round of Senior Commanders' Meeting between India and China

September 22, 2020

---

## ਭਾਰਤ ਅਤੇ ਚੀਨ ਦੇ ਸੀਨੀਅਰ ਕਮਾਂਡਰਾਂ ਦੀ ਬੈਠਕ ਦੇ ਛੇਵੇਂ ਗੇੜ ਦਾ ਸਾਂਝਾ ਪ੍ਰੈਸ ਬਿਆਨ

22 ਸਤੰਬਰ, 2020

ਭਾਰਤੀ ਅਤੇ ਚੀਨੀ ਸੀਨੀਅਰ ਕਮਾਂਡਰਾਂ ਨੇ 21 ਸਤੰਬਰ ਨੂੰ ਮਿਲਟਰੀ ਕਮਾਂਡਰ ਪੱਧਰ ਦੀ 6ਵੇਂ ਗੇੜ ਦੀ ਬੈਠਕ ਕੀਤੀ। ਭਾਰਤ-ਚੀਨ ਦੇ ਸਰਹੱਦੀ ਖੇਤਰਾਂ ਵਿਚ ਅਸਲ ਕੰਟਰੋਲ ਰੇਖਾ ਉੱਤੇ ਹਾਲਾਤ ਨੂੰ ਸਥਿਰ ਕਰਨ ਬਾਰੇ ਦੋਹਾਂ ਪੱਖਾਂ ਨੇ ਖੁੱਲ ਕੇ ਅਤੇ ਡੂੰਘਾਈ ਨਾਲ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਨੇ ਦੋਵਾਂ ਦੇਸ਼ਾਂ ਦੇ ਆਗੂਆਂ ਵਿਚਾਲੇ ਹੋਈ ਵੱਡੀ ਸਹਿਮਤੀ ਨੂੰ ਦਿਲੋਂ ਲਾਗੂ ਕਰਨ, ਜ਼ਮੀਨੀ ਪੱਧਰ 'ਤੇ ਸੰਵਾਦ ਨੂੰ ਮਜ਼ਬੂਤ ਕਰਨ, ਗਲਤਫਹਿਮੀਆਂ ਅਤੇ ਗਲਤ ਫੈਸਲਿਆਂ ਤੋਂ ਪਰਹੇਜ਼ ਕਰਨ, ਅਗੇਤੇ ਮੋਰਚਿਆਂ 'ਤੇ ਵਧੇਰੇ ਫੌਜ ਭੇਜਣ ਤੋਂ ਗੁਰੇਜ਼ ਕਰਨ, ਜ਼ਮੀਨੀ ਪੱਧਰ 'ਤੇ ਹਾਲਾਤ ਨੂੰ ਬਦਲਣ ਦੀ ਇਕਤਰਫਾ ਕੋਸ਼ਿਸ਼ ਤੋਂ ਗੁਰੇਜ਼ ਕਰਨ ਅਤੇ ਅਜਿਹਾ ਕੋਈ ਵੀ ਕੰਮ ਕਰਨ ਤੋਂ ਗੁਰੇਜ਼ ਕਰਨ, ਜਿਸ ਕਾਰਨ ਹਾਲਾਤ ਗੁੰਝਲਦਾਰ ਹੋ ਸਕਦੇ ਹਨ, ਉੱਤੇ ਸਹਿਮਤੀ ਪ੍ਰਗਟਾਈ। ਦੋਵੇਂ ਧਿਰ ਛੇਤੀ ਤੋਂ ਛੇਤੀ ਮਿਲਟਰੀ ਕਮਾਂਡਰ ਪੱਧਰ ਦੀ ਬੈਠਕ ਦਾ 7ਵਾਂ ਗੇੜ ਕਰਨ, ਜ਼ਮੀਨੀ ਪੱਧਰ ਤੇ ਸਮੱਸਿਆਵਾਂ ਨੂੰ ਸਹੀ ਢੰਗ ਨਾਲ ਨਾਲ ਹੱਲ ਕਰਨ ਲਈ ਵਿਵਹਾਰਕ ਉਪਾਅ ਕਰਨ ਅਤੇ ਸਰਹੱਦੀ ਖੇਤਰ ਵਿਚ ਅਮਨ ਅਤੇ ਸ਼ਾਂਤੀ ਦੀ ਸਾਂਝੀ ਰਾਖੀ ਕਰਨ ਉੱਤੇ ਸਹਿਮਤ ਹੋਏ।

ਨਵੀਂ ਦਿੱਲੀ
22 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.